ਐਸ.ਐਸ.ਡੀ. ਗਰਲਜ਼ ਕਾਲਜ (ਖ਼ੁਦਮੁਖਤਿਆਰ)

ਸੈਸ਼ਨ: 2026-2027,2027-28 ਅਤੇ 2028-2029 ਤੱਕ

ਬੀ.ਕਾਮ. ਭਾਗ ਤੀਜਾ (ਸਮੈਸਟਰ ਪੰਜਵਾਂ)

ਪੰਜਾਬੀ ਲਾਜ਼ਮੀ

ਪੇਪਰ ਕੋਡ : BC506

ਕੋਰਸ ਦੇ ਉਦੇਸ਼ (Course Objectives):

1. ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਅਤੇ ਵਾਰਤਕ ਦੀਆਂ ਵੱਖ-ਵੱਖ ਵੰਨਗੀਆਂ ਤੋਂ ਜਾਣੂ ਕਰਵਾਉਣਾ, ਖਾਸ ਕਰਕੇ ਸਵੈ-ਜੀਵਨੀ (ਮੇਰੀ ਫ਼ਿਲਮੀ ਆਤਮ ਕਥਾ) ਰਾਹੀਂ ਲੇਖਕ ਦੇ ਅਨੁਭਵਾਂ ਅਤੇ ਸਮਾਜਿਕ ਸਥਿਤੀਆਂ ਨੂੰ ਸਮਝਣਾ।
2. ਮਾਤ ਭਾਸ਼ਾ ਦੀ ਮਹੱਤਤਾ ਅਤੇ ਭਾਸ਼ਾ ਨੀਤੀਆਂ ਬਾਰੇ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਵਿਕਸਿਤ ਕਰਨਾ ਤਾਂ ਜੋ ਵਿਦਿਆਰਥੀ ਆਪਣੀ ਮੂਲ ਭਾਸ਼ਾ ਦੇ ਅਕਾਦਮਿਕ ਅਤੇ ਵਿਵਹਾਰਕ ਮਹੱਤਵ ਨੂੰ ਸਮਝ ਸਕਣ।
3. ਪੰਜਾਬੀ ਵਿਆਕਰਣ ਦੇ ਉੱਚੇਰੇ ਸੰਕਲਪਾਂ ਜਿਵੇਂ ਕਿ ਸ਼ਬਦ ਬਣਤਰ, ਸ਼ਬਦ ਰਚਨਾ, ਵਾਕੰਸ਼ (ਨਾਂਵ ਅਤੇ ਕਿਰਿਆ ਵਾਕੰਸ਼) ਅਤੇ ਕਾਰਕੀ ਸੰਬੰਧਾਂ ਦਾ ਸਿਧਾਂਤਕ ਅਤੇ ਵਿਵਹਾਰਕ ਗਿਆਨ ਦੇਣਾ।
4. ਵਿਦਿਆਰਥੀਆਂ ਦੀ ਭਾਸ਼ਾਈ ਯੋਗਤਾ, ਸ਼ੁੱਧ ਲੇਖਣ ਸ਼ੈਲੀ ਅਤੇ ਰਚਨਾਤਮਕ ਪ੍ਰਗਟਾਵੇ ਦੀ ਸਮਰੱਥਾ ਨੂੰ ਮਜ਼ਬੂਤ ਕਰਨਾ।

ਸੰਭਾਵੀ ਨਤੀਜੇ (Learning Outcomes)

1. **ਸਾਹਿਤਕ ਸਮਝ ਦਾ ਵਿਕਾਸ:** ਵਿਦਿਆਰਥੀ ਸਵੈ-ਜੀਵਨੀ ਦੇ ਮਾਧਿਅਮ ਰਾਹੀਂ ਸਾਹਿਤਕ ਪਰਿਪੇਖ, ਲੇਖਕ ਦੀ ਸ਼ਖਸੀਅਤ ਅਤੇ ਸਮਕਾਲੀ ਸਮਾਜਿਕ-ਸੱਭਿਆਚਾਰਕ ਸਥਿਤੀਆਂ ਦਾ ਆਲੋਚਨਾਤਮਕ ਮੁਲਾਂਕਣ ਕਰਨ ਦੇ ਯੋਗ ਹੋਣਗੇ।
2. **ਭਾਸ਼ਾਈ ਚੇਤਨਤਾ:** ਵਿਦਿਆਰਥੀਆਂ ਵਿੱਚ ਮਾਤ ਭਾਸ਼ਾ ਪ੍ਰਤੀ ਸਤਿਕਾਰ ਅਤੇ ਗਲੋਬਲ ਸੰਦਰਭ ਵਿੱਚ ਭਾਸ਼ਾ ਨੀਤੀਆਂ ਦੀ ਭੂਮਿਕਾ ਬਾਰੇ ਇੱਕ ਡੂੰਘੀ ਸੂਝ ਪੈਦਾ ਹੋਵੇਗੀ।
3. **ਵਿਆਕਰਨਕ ਸ਼ੁੱਧਤਾ:** ਵਿਦਿਆਰਥੀ ਪੰਜਾਬੀ ਸ਼ਬਦ ਰਚਨਾ, ਅਗੇਤਰ-ਪਿਛੇਤਰ, ਨਾਂਵ ਅਤੇ ਕਿਰਿਆ ਵਾਕੰਸ਼ਾਂ ਦੇ ਨਿਯਮਾਂ ਨੂੰ ਸਮਝ ਕੇ ਭਾਸ਼ਾ ਨੂੰ ਸ਼ੁੱਧ ਅਤੇ ਪ੍ਰਭਾਵਸ਼ਾਲੀ ਰੂਪ ਵਿੱਚ ਲਿਖਣ ਅਤੇ ਬੋਲਣ ਦੇ ਸਮਰੱਥ ਹੋਣਗੇ।
4. **ਵਿਵਹਾਰਕ ਕਾਰਜਕੁਸ਼ਲਤਾ:** ਬੀ.ਕਾਮ. ਦੇ ਵਿਦਿਆਰਥੀ ਹੋਣ ਦੇ ਨਾਤੇ, ਉਹ ਵਪਾਰਕ, ਪ੍ਰਸ਼ਾਸਨਿਕ ਅਤੇ ਰੋਜ਼ਾਨਾ ਦੇ ਕੰਮਕਾਜ ਵਿੱਚ ਪੰਜਾਬੀ ਭਾਸ਼ਾ ਦੀ ਸਹੀ ਅਤੇ ਢੁੱਕਵੀਂ ਵਰਤੋਂ ਆਤਮਵਿਸ਼ਵਾਸ ਨਾਲ ਕਰ ਸਕਣਗੇ।

ਐਸ.ਐਸ.ਡੀ. ਗਰਲਜ਼ ਕਾਲਜ (ਖ਼ੁਦਮੁਖਤਿਆਰ)

ਸੈਸ਼ਨ: 2026-2027,2027-28 ਅਤੇ 2028-2029 ਤੱਕ

ਬੀ.ਕਾਮ. ਭਾਗ ਤੀਜਾ (ਸਮੈਸਟਰ ਪੰਜਵਾਂ)

ਪੰਜਾਬੀ ਲਾਜ਼ਮੀ

ਪੇਪਰ ਕੋਡ: BC506

ਕੁੱਲ ਅੰਕ : 100 **ਪਾਸ ਅੰਕ : 35%**

ਅੰਦਰੂਨੀ ਮੁਲਾਂਕਣ :30 **ਸਮਾਂ : 3 ਘੰਟੇ**

ਬਾਹਰੀ ਪ੍ਰੀਖਿਆ: 70 **ਕੁੱਲ ਕ੍ਰੈਡਿਟ: 04**

ਅਧਿਆਪਨ: 06 ਪੀਰੀਅਡ ਪ੍ਰਤੀ ਹਫ਼ਤਾ

ਪਾਠਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਭਾਗ - ੳ

1. ਬਲਰਾਜ ਸਾਹਨੀ: ਮੇਰੀ ਫ਼ਿਲਮੀ ਆਤਮ ਕਥਾ **24 ਅੰਕ**

ਭਾਗ - ਅ

ਅ-1. ਮਾਤ ਭਾਸ਼ਾ ਦੀ ਮਹੱਤਤਾ ਬਾਰੇ ਪੁਸਤਕ: ਭਾਸ਼ਾ ਨੀਤੀ ਬਾਰੇ ਅੰਤਰਰਾਸ਼ਟਰੀ ਖੋਜ, ਪ੍ਰੋ਼ਫ਼ੈਸਰ ਜੋਗਾ ਸਿੰਘ, ਚੇਤਨਾ ਪ੍ਰਕਾਸ਼ਨ ਜਾਂ ਬਿਬੇਕਗੜ੍ਹ ਪ੍ਰਕਾਸ਼ਨ।

ਅ-2. ਵਿਆਕਰਣ:

I) ਸ਼ਬਦ ਬਣਤਰ ਤੇ ਸ਼ਬਦ ਰਚਨਾ: ਪਰਿਭਾਸ਼ਾ, ਮੁੱਢਲੇ ਸੰਕਲਪ (ਮੂਲ ਰੂਪ ਜਾਂ ਧਾਤੂ, ਅਗੇਤਰ, ਪਿਛੇਤਰ, ਵਿਉਂਤਪਤ ਤੇ ਰੂਪਾਂਤਰੀ ਰੂਪ) **4 ਅੰਕ**

II) ਵਾਕੰਸ਼: ਪਰਿਭਾਸ਼ਾ ਅਤੇ ਵੰਨਗੀਆਂ

i. ਨਾਂਵ ਵਾਕੰਸ਼: ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ

ii. ਕਿਰਿਆ ਵਾਕੰਸ਼: ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ **4 ਅੰਕ**

III) ਕਾਰਕ ਅਤੇ ਕਾਰਕੀ ਸੰਬੰਧ **4 ਅੰਕ**

(4+4+4=12 ਅੰਕ)

ਭਾਗ - ਏ

ਉਪਰੋਕਤ ਸਿਲੇਬਸ ਅਧਾਰਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ। **11×2=22 ਅੰਕ**

ਅੰਕ ਵੰਡ ਅਤੇ ਪੇਪਰ ਸੈਟਰ ਲਈ ਹਦਾਇਤਾਂ:-

1. 'ਮੇਰੀ ਫ਼ਿਲਮੀ ਆਤਮਕਥਾ' ਪੁਸਤਕ ਵਿਚੋਂ ਕਿਸੇ ਇੱਕ ਅਧਿਆਇ ਦਾ ਸਾਰ, ਸਮੁੱਚੀ ਰਚਨਾ ਜਾਂ ਕਿਸੇ ਇੱਕ ਅਧਿਆਇ ਬਾਰੇ ਪਾਠਕੀ ਹੁੰਗਾਰਾ ਜਾਂ ਪਾਠਕ ਦੇ ਆਪਣੇ ਪ੍ਰਭਾਵ, ਰਚਨਾ ਦੀ ਸਾਰਥਕਤਾ, ਲੇਖਕ ਦੀ ਸ਼ਖਸੀਅਤ ਜਾਂ ਵਿਚਾਰਾਂ, ਉਸ ਦੇ ਅਨੁਭਵ-ਸੰਸਾਰ ਤੇ ਰਚਨਾ ਵਿਚ ਵਰਣਿਤ ਸਥਿਤੀਆਂ-ਘਟਨਾਵਾਂ ਆਦਿ ਬਾਰੇ ਵਿਸਤ੍ਰਿਤ ਪ੍ਰਸ਼ਨ **(ਤਿੰਨ ਵਿਚੋਂ ਇੱਕ)** **12 ਅੰਕ**

2. 'ਮੇਰੀ ਫ਼ਿਲਮੀ ਆਤਮਕਥਾ' ਵਿਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਜਿਨ੍ਹਾਂ ਦਾ ਉੱਤਰ ਵੱਧ ਤੋਂ ਵੱਧ ਇੱਕ ਪੰਨੇ ਉੱਤੇ ਦਿੱਤਾ ਜਾ ਸਕਦਾ ਹੋਵੇ **(ਚਾਰ ਵਿਚੋਂ ਦੋ)** **6+6=12 ਅੰਕ**

3. 'ਮਾਤ ਭਾਸ਼ਾ ਦੀ ਮਹੱਤਤਾ ਬਾਰੇ ਪੁਸਤਕ: ਭਾਸ਼ਾ ਨੀਤੀ ਬਾਰੇ ਅੰਤਰਰਾਸ਼ਟਰੀ ਖੋਜ' ਪੁਸਤਕ ਦੇ ਕਿਸੇ ਲੇਖ ਬਾਰੇ ਲਿਖਣ ਲਈ ਕਿਹਾ ਜਾਵੇਗਾ। **(ਤਿੰਨ 'ਚੋਂ ਇੱਕ)** **12 ਅੰਕ**

4. ਪਾਠਕ੍ਰਮ ਦੇ ਭਾਗ ਅ-2 ਦੇ ਤਿੰਨੇ ਉਪਭਾਗਾਂ ਵਿੱਚੋਂ ਹਰ ਭਾਗ ਵਿੱਚੋਂ 2-2 ਪ੍ਰਸ਼ਨ ਪੁੱਛੇ ਜਾਣਗੇ। ਹਰ ਇੱਕ ਉਪਭਾਗ ਵਿੱਚੋਂ ਵਿਦਿਆਰਥੀ 1-1 ਪ੍ਰਸ਼ਨ ਦਾ ਸੰਖੇਪ ਵਿਚ ਉੱਤਰ ਦੇਵੇਗਾ। ਇਸ ਪ੍ਰਸ਼ਨ ਵਿਚ ਵਿਆਕਰਣ ਦੇ ਸੰਕਲਪਾਂ ਦੀ ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ ਬਾਰੇ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਹਨਾਂ ਨੂੰ ਉਦਾਹਰਣ ਸਹਿਤ ਸਪਸ਼ਟ ਕਰਨ ਲਈ ਕਿਹਾ ਜਾਵੇਗਾ। **4+4+4=12 ਅੰਕ**

5. 'ਮੇਰੀ ਫ਼ਿਲਮੀ ਆਤਮ ਕਥਾ' ਵਾਲੇ ਭਾਗ ਵਿੱਚੋਂ ਅਤੇ ਭਾਗ ਅ ਵਿੱਚੋਂ (ਕੁਲ 11) ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ (4-6 ਸਤਰਾਂ ਵਿਚ) ਹੋਣਗੇ। ਹਰੇਕ ਪ੍ਰਸ਼ਨ ਦੇ ਦੋ ਅੰਕ ਹਨ। **11×2=22 ਅੰਕ**

ਸਹਾਇਕ ਪਾਠ-ਸਮੱਗਰੀ:-

1. ਦੁਨੀ ਚੰਦਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964

2. ਡਾ. ਹਰਕੀਰਤ ਸਿੰਘ, ਰੂਪਾਂਤਰੀ ਵਿਆਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ।

3. ਪੁਆਰ, ਜੋਗਿੰਦਰ ਸਿੰਘ ਅਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਭਾਗ-III, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1994

4. ਡਾ. ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ, ਕਾਲਜ ਪੰਜਾਬੀ ਵਿਆਕਰਣ ਤੇ ਲੇਖ-ਮਾਲਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ।

5. ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਭਾਸ਼ਾ ਵਿਗਿਆਨ: ਤਕਨੀਕੀ ਸ਼ਬਦਾਵਲੀ ਦਾ ਕੋਸ਼, ਪੰਜਾਬ ਯੂਨੀਵਰਸਿਟੀ ਪਟਿਆਲਾ।

6. ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਵਾਕ ਪ੍ਰਬੰਧ: ਬਣਤਰ ਅਤੇ ਕਾਰਜ, ਪੰਜਾਬ ਯੂਨੀਵਰਸਿਟੀ, ਪਟਿਆਲਾ।

7. ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ: ਸਿਧਾਂਤ ਤੇ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

8. ਡਾ. ਪਰਮਿੰਦਰ ਸਿੰਘ, ਸਾਹਿਤ ਦੇ ਰੂਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਐਸ.ਐਸ.ਡੀ.ਗਰਲਜ਼ ਕਾਲਜ (ਖ਼ੁਦਮੁਖਤਿਆਰ)

ਸੈਸ਼ਨ: 2026-27, 2027-28 ਅਤੇ 2028-2029 ਤੱਕ

ਬੀ.ਕਾਮ. ਭਾਗ ਤੀਜਾ (ਸਮੈਸਟਰ ਛੇਵਾਂ)

ਪੰਜਾਬੀ ਲਾਜ਼ਮੀ

ਪੇਪਰ ਕੋਡ: BC606

ਪਾਠਕ੍ਰਮ ਦੇ ਉਦੇਸ਼ (Course Objectives)

• **ਲੋਕਧਾਰਾ ਦੀ ਸਿਧਾਂਤਕ ਸਮਝ:** ਵਿਦਿਆਰਥੀਆਂ ਨੂੰ 'ਲੋਕਧਾਰਾ ਦੀ ਭੂਮਿਕਾ' ਪੁਸਤਕ ਰਾਹੀਂ ਲੋਕਧਾਰਾ ਦੇ ਬੁਨਿਆਦੀ ਸੰਕਲਪਾਂ, ਸੱਭਿਆਚਾਰਕ ਮਹੱਤਵ ਅਤੇ ਪੰਜਾਬੀ ਲੋਕ-ਜੀਵਨ ਵਿੱਚ ਇਸ ਦੀ ਭੂਮਿਕਾ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨਾ।

• **ਅਨੁਵਾਦ ਕਲਾ ਅਤੇ ਸਿਧਾਂਤ ਦਾ ਗਿਆਨ:** ਵਿਦਿਆਰਥੀਆਂ ਨੂੰ ਅਨੁਵਾਦ ਦੇ ਬੁਨਿਆਦੀ ਸਿਧਾਂਤਾਂ, ਇਸ ਦੇ ਪ੍ਰਕਾਰਜਾਂ ਅਤੇ ਵੱਖ-ਵੱਖ ਵੰਨਗੀਆਂ (ਸਾਹਿਤਕ, ਵਿਗਿਆਨਕ, ਤਕਨੀਕੀ ਅਤੇ ਪ੍ਰਸ਼ਾਸਨਿਕ) ਤੋਂ ਜਾਣੂ ਕਰਵਾਉਣਾ।

• **ਵਿਹਾਰਕ ਅਨੁਵਾਦ ਹੁਨਰ ਦਾ ਵਿਕਾਸ:** ਸਕਰੈਪ ਬੁੱਕ ਤਿਆਰ ਕਰਨ ਅਤੇ ਵਿਗਿਆਨਕ/ਤਕਨੀਕੀ ਅਨੁਵਾਦ ਦੇ ਅਭਿਆਸ ਰਾਹੀਂ ਵਿਦਿਆਰਥੀਆਂ ਵਿੱਚ ਦੂਜੀਆਂ ਭਾਸ਼ਾਵਾਂ ਦੇ ਗਿਆਨ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਦਾ ਵਿਹਾਰਕ ਹੁਨਰ ਪੈਦਾ ਕਰਨਾ।

• **ਉੱਨਤ ਵਿਆਕਰਨਕ ਗਿਆਨ:** ਪੰਜਾਬੀ ਭਾਸ਼ਾ ਦੇ ਵਾਕ-ਗਠਨ, ਉਪਵਾਕ ਤੇ ਵਾਕ ਦੀ ਬਣਤਰ, ਕਿਸਮਾਂ ਅਤੇ ਵਾਕਾਤਮਕ ਜੁਗਤਾਂ (ਮੇਲ ਅਤੇ ਅਧਿਕਾਰ) ਦੇ ਨਿਯਮਾਂ ਦੀ ਵਿਗਿਆਨਕ ਸੂਝ ਦੇਣਾ।

• **ਵਿਹਾਰਕ ਭਾਸ਼ਾ ਵਿਸ਼ਲੇਸ਼ਣ:** ਵਿਦਿਆਰਥੀਆਂ ਨੂੰ ਵਿਹਾਰਕ ਵਿਆਕਰਨਕ ਵਿਸ਼ਲੇਸ਼ਣ ਦੇ ਯੋਗ ਬਣਾਉਣਾ ਤਾਂ ਜੋ ਉਹ ਭਾਸ਼ਾ ਦੀ ਸ਼ੁੱਧ ਵਰਤੋਂ ਅਤੇ ਬਣਤਰ ਨੂੰ ਸਮਝ ਸਕਣ ।

ਸੰਭਾਵੀ ਨਤੀਜੇ (Course Outcomes)

• **ਸੱਭਿਆਚਾਰਕ ਅਤੇ ਇਤਿਹਾਸਕ ਚੇਤਨਾ:** ਵਿਦਿਆਰਥੀ ਪੰਜਾਬੀ ਲੋਕਧਾਰਾ ਦੀਆਂ ਪਰੰਪਰਾਵਾਂ, ਵਿਸ਼ਵਾਸਾਂ ਅਤੇ ਸੱਭਿਆਚਾਰਕ ਵਿਰਸੇ ਦਾ ਆਲੋਚਨਾਤਮਕ ਮੁਲਾਂਕਣ ਕਰਨ ਦੇ ਯੋਗ ਹੋਣਗੇ।

• **ਅਨੁਵਾਦ ਖੇਤਰ ਵਿੱਚ ਰੁਜ਼ਗਾਰ ਯੋਗਤਾ:** ਅਨੁਵਾਦ ਸਿਧਾਂਤ ਅਤੇ ਵੱਖ-ਵੱਖ ਵੰਨਗੀਆਂ ਦੇ ਅਧਿਐਨ ਸਦਕਾ ਵਿਦਿਆਰਥੀ ਮੀਡੀਆ, ਪ੍ਰਸ਼ਾਸਨ ਅਤੇ ਤਕਨੀਕੀ ਖੇਤਰਾਂ ਵਿੱਚ ਬਤੌਰ ਅਨੁਵਾਦਕ ਕੰਮ ਕਰਨ ਦੇ ਯੋਗ ਹੋਣਗੇ।

• **ਖੋਜ ਅਤੇ ਸਿਰਜਣਾਤਮਕਤਾ ਵਿੱਚ ਵਾਧਾ:** ਸਕਰੈਪ ਬੁੱਕ ਦੀ ਤਿਆਰੀ ਅਤੇ ਵਿਗਿਆਨਕ ਅਨੁਵਾਦ ਦੇ ਅਭਿਆਸ ਰਾਹੀਂ ਵਿਦਿਆਰਥੀਆਂ ਵਿੱਚ ਸਵੈ-ਅਧਿਐਨ, ਸਮੱਗਰੀ ਇਕੱਤਰ ਕਰਨ ਅਤੇ ਖੋਜ ਕਰਨ ਦੀ ਪ੍ਰਵਿਰਤੀ ਵਿਕਸਿਤ ਹੋਵੇਗੀ।

• **ਸ਼ੁੱਧ ਭਾਸ਼ਾਈ ਸੰਚਾਰ:** ਵਿਦਿਆਰਥੀ ਉਪਵਾਕ, ਵਾਕ ਬਣਤਰ ਅਤੇ ਵਾਕਾਤਮਕ ਜੁਗਤਾਂ (ਮੇਲ ਅਤੇ ਅਧਿਕਾਰ) ਦੇ ਨਿਯਮਾਂ ਨੂੰ ਸਮਝ ਕੇ ਪੰਜਾਬੀ ਭਾਸ਼ਾ ਨੂੰ ਬੋਲਣ ਅਤੇ ਲਿਖਣ ਵੇਲੇ ਵਿਆਕਰਨਕ ਤੌਰ 'ਤੇ ਸ਼ੁੱਧ ਵਰਤੋਂ ਕਰਨ ਦੇ ਸਮਰੱਥ ਹੋਣਗੇ।

• **ਵਿਸ਼ਲੇਸ਼ਣਾਤਮਕ ਦ੍ਰਿਸ਼ਟੀਕੋਣ:** ਵਿਦਿਆਰਥੀ ਵੱਖ-ਵੱਖ ਸਾਹਿਤਕ ਅਤੇ ਗੈਰ-ਸਾਹਿਤਕ ਲਿਖਤਾਂ ਦਾ ਵਿਹਾਰਕ ਵਿਆਕਰਨਕ ਵਿਸ਼ਲੇਸ਼ਣ ਕਰਨ ਦੇ ਕਾਬਿਲ ਬਣਨਗੇ, ਜੋ ਅੱਗੇ ਜਾ ਕੇ ਉੱਚੇਰੀ ਸਿੱਖਿਆ ਅਤੇ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਸਹਾਈ ਸਿੱਧ ਹੋਵੇਗਾ।

ਐਸ.ਐਸ.ਡੀ.ਗਰਲਜ਼ ਕਾਲਜ (ਖ਼ੁਦਮੁਖਤਿਆਰ)

ਸੈਸ਼ਨ: 2026-27, 2027-28 ਅਤੇ 2028-2029 ਤੱਕ

ਬੀ.ਕਾਮ. ਭਾਗ ਤੀਜਾ (ਸਮੈਸਟਰ ਛੇਵਾਂ)

ਪੰਜਾਬੀ ਲਾਜ਼ਮੀ

ਪੇਪਰ ਕੋਡ: BC606

ਕੁੱਲ ਅੰਕ : 100 **ਪਾਸ ਅੰਕ : 35%**

ਅੰਦਰੂਨੀ ਮੁਲਾਂਕਣ : 30 **ਕੁੱਲ ਕ੍ਰੈਡਿਟ : 04**

ਬਾਹਰੀ ਪਰੀਖਿਆ: 70 ਅੰਕ **ਸਮਾਂ : 3 ਘੰਟੇ**

ਅਧਿਆਪਨ: 06 ਪੀਰੀਅਡ ਪ੍ਰਤੀ ਹਫ਼ਤਾ

ਪਾਠਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਭਾਗ ੳ

ਪੁਸਤਕ ਲੋਕਧਾਰਾ ਦੀ ਭੂਮਿਕਾ, ਸੰਪਾਦਕ: ਡਾ. ਭੂਪਿੰਦਰ ਸਿੰਘ ਖਹਿਰਾ ਅਤੇ ਡਾ. ਸੁਰਜੀਤ ਸਿੰਘ **12+12=24 ਅੰਕ**

ਭਾਗ ਅ

ਅ-1 ਅਨੁਵਾਦ ਸਿਧਾਂਤ, ਪ੍ਰਕਾਰਜ ਅਤੇ ਵੰਨਗੀਆਂ ਅਤੇ ਵਿਹਾਰਕ ਅਭਿਆਸ

(i) ਅਨੁਵਾਦ ਸਿਧਾਂਤ, ਪ੍ਰਕਾਰਜ ਅਤੇ ਵੰਨਗੀਆਂ (ਸਾਹਿਤਕ, ਕਿੱਤਾਮੁਖੀ, ਤਕਨੀਕੀ, ਪ੍ਰਸ਼ਾਸਨਿਕ)

(ii) ਕਿੱਤਾਮੁਖੀ ਅਨੁਵਾਦ ਦਾ ਸੰਕਲਪ ਦੀਆਂ ਵਿਧੀਆਂ **12 ਅੰਕ**

(ਇਸ ਭਾਗ ਲਈ ਵਿਦਿਆਰਥੀ **20-30 ਪੰਨਿਆਂ ਦੀ ਸਕਰੈਪ ਬੁੱਕ** ਤਿਆਰ ਕਰੇਗਾ, ਜਿਸ ਵਿੱਚ ਹਰ ਕਿਸਮ ਦੇ ਅਨੁਵਾਦ ਦੇ **ਘੱਟ ਤੋਂ ਘੱਟ ਦੋ ਪੰਨੇ** ਜ਼ਰੂਰ ਹੋਣਗੇ। ਬਾਕੀ ਦੇ ਪੰਨੇ ਕਿੱਤਾਮੁਖੀ ਅਤੇ ਤਕਨੀਕੀ ਅਨੁਵਾਦ ਦੇ ਹੋਣਗੇ। ਇਸ ਕਾਰਜ ਲਈ ਵਿਗਿਆਨ ਦੇ ਵਿਸ਼ੇ ਨਾਲ ਸੰਬੰਧਿਤ ਯੂਨਿਟਾਂ ਅਨੁਵਾਦ ਕਰਨ ਵਿੱਚ ਦਿਲਚਸਪੀ ਰੱਖਣ ਵਾਲਾ ਵਿਦਿਆਰਥੀ **20-30 ਪੰਨਿਆਂ** ਦੀ ਕੋਈ ਇੱਕ ਵਿਗਿਆਨ-ਲਿਖਤ ਦਾ ਅਨੁਵਾਦ ਵੀ ਕਰ ਸਕਦਾ ਹੈ। ਇਹ ਕਾਰਜ ਅਧਿਆਪਕ ਦੀ ਨਿਗਰਾਨੀ ਵਿੱਚ ਕੀਤਾ ਜਾਵੇਗਾ ਅਤੇ **ਅੰਦਰੂਨੀ ਮੁਲਾਂਕਣ ਵਿੱਚ ਅਸਾਈਨਮੈਂਟ ਦੇ ਅੰਕ ਇਸ ਸਕਰੈਪ ਬੁੱਕ ਜਾਂ ਅਨੁਵਾਦਿਤ ਰਚਨਾ ਦੇ ਆਧਾਰ 'ਤੇ ਦਿੱਤੇ ਜਾਣਗੇ।)**

ਅ-2 ਵਿਆਕਰਣ:

(i) ਉਪਵਾਕ: ਪਰਿਭਾਸ਼ਾ, ਬਣਤਰ, ਪ੍ਰਕਾਰਜ ਅਤੇ ਕਿਸਮਾਂ

(ii) ਵਾਕ: ਪਰਿਭਾਸ਼ਾ, ਬਣਤਰ, ਪ੍ਰਕਾਰਜ ਅਤੇ ਕਿਸਮਾਂ

(iii) ਵਾਕਾਤਮਕ ਜੁਗਤਾਂ (ਮੇਲ ਅਤੇ ਅਧਿਕਾਰ)

(iv) ਵਿਹਾਰਕ ਵਿਆਕਰਨਕ ਵਿਸ਼ਲੇਸ਼ਣ **06+6=12 ਅੰਕ**

ਭਾਗ ਏ

ਸਮੁੱਚੇ ਪਾਠਕ੍ਰਮ ਵਿੱਚੋਂ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ। **11×2 =22 ਅੰਕ**

ਅੰਕ ਵੰਡ ਅਤੇ ਪੇਪਰ ਸੈਟਰ / ਪ੍ਰੀਖਿਆਰਥੀ ਲਈ ਹਦਾਇਤਾਂ

1 ਭਾਗ ੳ "ਲੋਕਧਾਰਾ ਦੀ ਭੂਮਿਕਾ" ਕਿਤਾਬ ਦੇ ਕਿਸੇ ਇੱਕ ਲੇਖ ਦਾ ਵਿਸ਼ਾ ਵਸਤੂ/ਸਾਰ **(ਦੋ ਵਿੱਚੋਂ ਇੱਕ) 12 ਅੰਕ**

2. ਲੋਕਧਾਰਾ ਦੀ ਕਿਤਾਬ **"ਲੋਕਧਾਰਾ ਦੀ ਭੂਮਿਕਾ"** ਵਿੱਚੋਂ ਪੰਜਾਬ ਦੀ ਲੋਕਧਾਰਾ ਬਾਰੇ ਸੰਖੇਪ ਪ੍ਰਸ਼ਨ **(4 ਵਿੱਚੋਂ 2)**
(ਪ੍ਰਸ਼ਨ ਇਸ ਤਰ੍ਹਾਂ ਪੁੱਛੇ ਜਾਣ ਕਿ ਹਰ ਪ੍ਰਸ਼ਨ ਦਾ ਉੱਤਰ 8-10 ਸਤਰਾਂ ਵਿੱਚ ਦਿੱਤਾ ਜਾ ਸਕਦਾ ਹੋਵੇ)

6×2=12 ਅੰਕ

3. ਭਾਗ ਅ-1 ਅਨੁਵਾਦ ਦੇ ਸਿਧਾਂਤ, ਪ੍ਰਕਾਰ (ਸਾਹਿਤਕ, ਕਿੱਤਾਮੁਖੀ, ਤਕਨੀਕੀ, ਪ੍ਰਸ਼ਾਸਨਿਕ) ਅਤੇ ਪ੍ਰਕਾਰਜ**12 ਅੰਕ**
(ਇਸ ਭਾਗ ਲਈ ਵਿਦਿਆਰਥੀ 20-30 ਪੰਨਿਆਂ ਦੀ ਸਕਰੈਪ ਬੁੱਕ ਅਨੁਵਾਦ ਕਰੇਗਾ, ਜਿਸ ਵਿੱਚ ਹਰ ਕਿਸਮ ਦੇ ਅਨੁਵਾਦ ਦੇ ਘੱਟ ਤੋਂ ਘੱਟ ਦੋ ਪੰਨੇ ਜ਼ਰੂਰ ਹੋਣਗੇ। ਬਾਕੀ ਦੇ ਪੰਨੇ ਕਿੱਤਾਮੁਖੀ ਅਤੇ ਤਕਨੀਕੀ ਅਨੁਵਾਦ ਦੋਨੋਂ ਦੇ ਹੋ ਸਕਦੇ ਹਨ। ਸਾਹਿਤਕ ਰਚਨਾਵਾਂ ਅਨੁਵਾਦ ਕਰਨ ਵਿੱਚ ਦਿਲਚਸਪੀ ਰੱਖਣ ਵਾਲਾ ਵਿਦਿਆਰਥੀ 20-30 ਪੰਨਿਆਂ ਦੀ ਕੋਈ ਹੱਥੀਂ ਬਣਾਈ ਕਿਤਾਬ ਦਾ ਅਨੁਵਾਦ ਵੀ ਕਰ ਸਕਦਾ ਹੈ। ਇਹ ਕਾਰਜ ਅਧਿਆਪਕ ਦੀ ਨਿਗਰਾਨੀ ਵਿੱਚ ਕੀਤਾ ਜਾਵੇਗਾ ਅਤੇ ਅੰਦਰੂਨੀ ਮੁਲਾਂਕਣ ਵਿੱਚ ਅਸਾਈਨਮੈਂਟ ਦੇ ਅੰਕ ਇਸ ਸਕਰੈਪਬੁੱਕ ਜਾਂ ਅਨੁਵਾਦਿਤ ਰਚਨਾ ਦੇ ਆਧਾਰ 'ਤੇ ਦਿੱਤੇ ਜਾਣਗੇ।)

4. ਭਾਗ ਅ-2 ਵਿੱਚੋਂ ਨਿਰਧਾਰਿਤ ਵਿਆਕਰਨ ਵਿੱਚੋਂ ਵਰਣਨਾਤਮਕ ਪ੍ਰਸ਼ਨ (ਦੋ ਵਿੱਚੋਂ ਇਕ) 06 ਅੰਕ

5. ਪ੍ਰਸ਼ਨ ਪੱਤਰ ਦੇ ਭਾਗ ਅ-2 ਦੇ ਦੂਜੇ ਪ੍ਰਸ਼ਨ ਵਿੱਚ ਪਾਠਕ੍ਰਮ ਵਿੱਚ ਦਰਜ **'ਲੋਕਧਾਰਾ ਦੀ ਭੂਮਿਕਾ'** ਪੁਸਤਕ ਵਿੱਚੋਂ **ਤਿੰਨ ਵਾਕਾਂ ਦੀ ਭਾਸ਼ਾ ਦਾ ਵਿਹਾਰਕ ਵਿਆਕਰਨਕ ਵਿਸ਼ਲੇਸ਼ਣ ਕਰਨ ਲਈ ਕਿਹਾ ਜਾਵੇਗਾ । (ਇਹ ਪ੍ਰਸ਼ਨ ਅ-2 ਵਿੱਚ ਨਿਰਧਾਰਿਤ** ਵਿਆਕਰਨ ਵਾਲੇ ਪੱਖਾਂ ਉੱਤੇ ਹੀ ਆਧਾਰਿਤ ਹੋਵੇਗਾ। **3×2 =06 ਅੰਕ**

6. ਭਾਗ-ਏ ਵਿੱਚ ਪਾਠ ਪੁਸਤਕ ਵਿੱਚੋਂ (6 ਪ੍ਰਸ਼ਨ) ਅਤੇ ਵਿਆਕਰਨ ਵਾਲੇ ਭਾਗ ਵਿੱਚੋਂ (5 ਪ੍ਰਸ਼ਨ) ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ।

11×2 =22 ਅੰਕ

ਸਹਾਇਕ ਪਾਠ-ਸਾਮੱਗਰੀ

1. ਦੁਨੀ ਚੰਦਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964
2. ਡਾ. ਹਰਕੀਰਤ ਸਿੰਘ, ਰੂਪਾਂਤਰੀ ਵਿਆਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ।
3. ਪੁਆਰ, ਜੋਗਿੰਦਰ ਸਿੰਘ ਅਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਨ ਭਾਗ-III, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1994
4. ਡਾ. ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ, ਕਾਲਿਜ ਪੰਜਾਬੀ ਵਿਆਕਰਣ ਤੇ ਲੇਖ-ਮਾਲਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ।
5. ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਭਾਸ਼ਾ ਵਿਗਿਆਨ: ਤਕਨੀਕੀ ਸ਼ਬਦਾਵਲੀ ਦਾ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ।
6. ਸੁਰਜੀਤ ਖ਼ਾਨ, ਅਨੁਵਾਦ ਦੇ ਸਿਧਾਂਤ, ਬੁੱਕ ਪਲੱਸ ਪ੍ਰਕਾਸ਼ਨ, ਖ਼ੰਨਾ, 2003
7. ਜਗਮੋਹਨ ਕੌਰ, ਅਨੁਵਾਦ ਅਤੇ ਸੰਵਾਦ ਅਨੁਵਾਦ ਕਲਾ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2014